# ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.) ਪੰਜਾਬ, ਐਸ.ਏ.ਐਸ. ਨਗਰ

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ,
ਮੰਡਲ ਸਿੱਖਿਆ ਅਫਸਰ,
ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਪੰਜਾਬ।

ਮੀਮੋ ਨੰ:10/199-15ਸੇਪ੍ਰ(4)/ ਸੈਪ੍ਰੰਕ
ਮਿਤੀ: ਐਸ.ਏ.ਐਸ. ਨਗਰ 15/12/15

ਵਿਸ਼ਾ:- **ਪ੍ਰਾਇਮਰੀ ਸਕੂਲਾਂ ਲਈ ਰੋਜ਼ਾਨਾ ਇੱਕ ਪੀਰੀਅਡ ਖੇਡਾਂ / ਗਤੀਵਿਧੀਆਂ ਨੂੰ ਜਾਰੀ ਕਰਨ ਸਬੰਧੀ ਅਤੇ ਮਹੀਨੇ ਵਿੱਚ ਇੱਕ ਵਾਰ ਵਿਦਿਅਕ, ਖੇਡ ਅਤੇ ਹੋਰ ਗਤੀਵਿਧੀਆਂ ਦੇ ਮੁਕਾਬਲੇ ਕਰਵਾਉਣ ਸਬੰਧੀ।**

ਉਕਤ ਵਿਸ਼ੇ ਸਬੰਧੀ ਮਾਨਯੋਗ ਸਿੱਖਿਆ ਮੰਤਰੀ ਪੰਜਾਬ ਅਤੇ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਜੀ ਵੱਲੋਂ ਜਾਰੀ ਕੀਤੀ ਗਈ ਨਵੀਂ ਖੇਡ ਨੀਤੀ ਅਨੁਸਾਰ ਸਾਰੇ ਸਕੂਲਾਂ ਲਈ ਇੱਕ ਪੀਰੀਅਡ ਖੇਡਾਂ ਅਤੇ ਹੋਰ ਗਤੀਵਿਧੀਆਂ ਲਈ ਅਲਾਟ ਕੀਤਾ ਗਿਆ ਹੈ। ਸਾਰੇ ਸਕੂਲਾਂ ਵਿੱਚ ਇਸ ਪੀਰੀਅਡ ਵਿਚ ਵੱਖ-2 ਖੇਡਾਂ ਜਿਸ ਤਰਾਂ ਕਬੱਡੀ, ਫੁੱਟਬਾਲ, ਬਾਸਕਟਬਾਲ, ਵਾਲੀਬਾਲ, ਖੋ-ਖੋ, ਅਥਲੈਟਿਕਸ ਅਤੇ ਹੋਰ ਕੋਈ ਵੀ ਖੇਡ ਗਤੀਵਿਧੀਆਂ ਜਿਸ ਵਿੱਚ ਬੱਚੇ, ਮਾਪੇ ਅਤੇ ਅਧਿਆਪਕ ਰੂਚੀ ਰੱਖਦੇ ਹਨ, ਕਰਵਾਈ ਜਾਣੀ ਹੈ। ਹਰੇਕ ਵਿਦਿਆਰਥੀ ਨੇ ਕਿਸੇ ਇਕ ਖੇਡ ਨੂੰ ਅਡਾਪਟ ਕਰਕੇ ਉਸ ਦੀ ਪ੍ਰੈਕਟਿਸ ਕਰਨੀ ਹੈ ਅਤੇ ਵਿਭਾਗ ਵੱਲੋਂ ਕਰਵਾਏ ਜਾਣ (ਸਕੂਲ / ਕਲਸਟਰ / ਬਲਾਕ / ਜ਼ਿਲ੍ਹਾ / ਰਾਜ ਪੱਧਰ) ਵਾਲੇ ਮੁਕਾਬਿਲਾਂ ਵਿੱਚ ਭਾਗ ਲੈਣਾ ਹੈ। ਇਸ ਤਰਾਂ ਇਸ ਪੀਰੀਅਡ ਵਿੱਚ ਵੱਖ-2 ਸੱਭਿਆਚਾਰਕ ਸਰਗਰਮੀਆਂ ਜਿਸ ਤਰਾਂ ਗਿੱਧਾ, ਭੰਗੜਾ, ਲੋਕ ਨਾਚ, ਸ਼ਬਦ ਗਾਇਨ, ਗੀਤ / ਸਮੂਹ ਗਾਨ, ਕਵਿਤਾ ਉਚਾਰਣ, ਵਾਰ/ਕਵਿਸ਼ਰੀ, ਸਕਿੱਟਜ, ਨਾਟਕ, ਭਾਸ਼ਣ ਪ੍ਰਤੀਯੋਗਤਾ, ਮਮਿਕਰੀ ਵਿੱਚ ਵਿਦਿਆਰਥੀਆਂ ਨੂੰ ਸ਼ਾਮਿਲ ਕਰਵਾਕੇ ਵੱਖ-2 ਪੱਧਰ ਦੇ ਮੁਕਾਬਲਿਆਂ ਲਈ ਤਿਆਰ ਕੀਤਾ ਜਾਣਾ ਹੈ।

ਇਸ ਪੀਰੀਅਡ ਵਿੱਚ ਸਾਹਿਤਕ ਰੁੱਚੀਆਂ ਰੱਖਣ ਵਾਲੇ ਵਿਦਿਆਰਥੀਆਂ ਨੂੰ ਸਾਹਿਤ ਰਚਨਾ ਦੇ ਵੱਖ-2 ਰੂਪ ਜਿਵੇਂ ਕਿਸੇ ਵਿਸ਼ੇ ਤੇ ਕੋਈ ਆਰਟੀਕਲ ਲਿਖਣਾ, ਲੇਖ/ਕਹਾਣੀ ਰਚਨਾ, ਕਵਿਤਾ / ਗੀਤ ਲਿਖਣਾ, ਕੈਪਸ਼ਨ ਮੁਕਾਬਲੇ, ਡਰਾਇੰਗ ਅਤੇ ਚਿੱਤਰ ਕਲਾ ਮੁਕਾਬਲੇ ਲਈ ਵਿਦਿਆਰਥੀਆਂ ਨੂੰ ਤਿਆਰ ਕੀਤਾ ਜਾਵੇ। ਹਰ ਵਿਦਿਆਰਥੀ ਦਾ ਘੱਟੋ ਘੱਟ ਇੱਕ ਖੇਡ ਅਤੇ ਇੱਕ ਸੱਭਿਆਚਾਰਕ ਗਤੀਵਿਧੀ / ਸਹਿਤਕ ਗਤੀਵਿਧੀ ਵਿੱਚ ਭਾਗ ਲੈਣਾ ਜਰੂਰੀ ਬਣਾਇਆ ਜਾਵੇ।

ਹਰ ਮਹੀਨੇ ਦੇ ਪਹਿਲੇ ਹਫਤੇ ਦੇ ਕਿਸੇ ਇੱਕ ਦਿਨ ਜੋ ਜਨਵਰੀ ਮਹੀਨੇ ਲਈ 6 ਜਨਵਰੀ (ਬੁੱਧਵਾਰ) ਦਫਤਰ ਵੱਲੋਂ ਨਿਸ਼ਚਿਤ ਕੀਤਾ ਗਿਆ ਹੈ, ਸਕੂਲ ਵਿੱਚ ਵੱਖ-2 ਵਿਸ਼ਿਆਂ ਦੇ ਟੈਸਟ ਲੈਕੇ ਵਿਦਿਅਕ ਮੁਕਾਬਲੇ, ਵੱਖ-2 ਤਰਾਂ ਦੇ ਖੇਡ ਮੁਕਾਬਲੇ, ਸਭਿਆਚਾਰਕ ਗਤੀਵਿਧੀਆਂ ਦੇ ਮੁਕਾਬਲੇ ਅਤੇ ਸਾਹਿਤਕ ਗਤੀਵਿਧੀਆਂ ਦੇ ਮੁਕਾਬਲੇ ਕਰਾਏ ਜਾਣਾ ਯਕੀਨੀ ਬਣਾਇਆ ਜਾਵੇ। ਇਸ ਦਿਨ ਹੇਠ ਲਿਖੇ ਸੀਡਿਊਲ ਅਨੁਸਾਰ ਇਹ ਮੁਕਾਬਲੇ ਕਰਵਾਏ ਜਾਣ :-

......2

ਸਵੇਰੇ 9.30 ਵਜੇ ਤੋਂ 11.30 ਵਜੇ ਤੱਕ ਵੱਖ-2 ਵਿਸ਼ਿਆਂ ਦੇ ਵਿਦਿਅਕ ਮੁਕਾਬਲੇ। ਹਰੇਕ ਵਿਸ਼ੇ ਦੇ 20-20 ਅੰਕ ਦੇ ਪਰਚੇ ਤਿਆਰ ਕੀਤੇ ਜਾਣ। ਅੱਛਾ ਹੋਵੇ ਜੇਕਰ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) / ਬੀ.ਪੀ.ਈ.ਓ. ਦੇ ਪੱਧਰ ਤੇ ਇਹ ਹੱਥ ਲਿਖਤ ਜਾਂ ਟਾਈਪ ਪਰਚੇ ਤਿਆਰ ਕਰਵਾਏ ਜਾਣ ਅਤੇ ਮੁਕਾਬਲੇ ਵਾਲੇ ਦਿਨ ਇਹ ਪਰਚੇ ਸਕੂਲ ਵਿੱਚ ਪਹੁੰਚਾਏ ਜਾਣ ਤਾਂ ਜੋ ਸਾਰੇ ਬਲਾਕ ਵਿੱਚ ਇਕ ਸਾਰਤਾ ਕਾਇਮ ਰੱਖੀ ਜਾ ਸਕੇ। ਸਾਰੇ ਵਿਸ਼ਿਆਂ ਦੇ 20-20 ਅੰਕਾਂ ਦੇ ਪ੍ਰਸ਼ਨ ਪੱਤਰ ਤਿਆਰ ਕੀਤੇ ਜਾਣ। ਜਿਸ ਵਿੱਚ 8 ਅੰਕ ਅਬਜੈਕਟਿਵ ਟਾਈਪ-ਮਿਲਾਨ ਵਾਲੇ ਸਵਾਲ, ਠੀਕ ਗਲਤ ਆਦਿ ਦੇ ਰੱਖੇ ਜਾਣ। 6 ਅੰਕਾਂ ਦੇ 1-2 ਲਾਈਨਾਂ/ਵਾਕਾ ਵਾਲੇ 3 ਪ੍ਰਸ਼ਨ, 6 ਅੰਕਾਂ ਦੇ 2 ਪ੍ਰਸ਼ਨ ਜਿੰਨਾਂ ਦਾ ਉੱਤਰ 3-4 ਲਾਈਨਾਂ ਵਿੱਚ ਹੋਵੇ, ਪਾਏ ਜਾਣ।

ਸਵੇਰੇ 11.30 ਵਜੇ ਤੋਂ ਦੁਪਹਿਰ 1.00 ਵਜੇ ਤੱਕ ਉਪਰ ਦੱਸੀਆ ਖੇਡਾਂ ਦੇ ਮੁਕਾਬਲੇ ਕਰਵਾਏ ਜਾਣ। ਬਾਅਦ ਦੁਪਹਿਰ 1.30 ਵਜੇ ਤੋਂ 2.30 ਵਜੇ ਤੱਕ ਸਭਿਆਚਾਰਕ ਅਤੇ ਸਾਹਿਤਕ ਗਤੀਵਿਧੀਆਂ ਦੇ ਮੁਕਾਬਲੇ। ਦੁਪਹਿਰ 2.30 ਵਜੇ ਤੋਂ ਬਾਅਦ ਜੇਤੂ ਵਿਦਿਆਰਥੀਆਂ ਲਈ ਇਨਾਮ ਵੰਡ ਸਮਾਰੋਹ। ਇਸ ਕੰਮ ਲਈ ਦਾਨੀ ਸੱਜਣਾ ਦਾ ਸਹਿਯੋਗ ਲਿਆ ਜਾਵੇ।

ਜੇਕਰ ਮੁਕਾਬਲੇ ਲਈ ਵਿਦਿਆਰਥੀਆਂ ਦੀ ਗਿਣਤੀ 50 ਤੱਕ ਹੈ ਤਾਂ ਪਹਿਲੀਆਂ ਪੰਜ ਪੁਜੀਸ਼ਨਾਂ ਕੱਢੀਆਂ ਜਾਣ। ਜੇਕਰ ਵਿਦਿਆਰਥੀਆਂ ਦੀ ਗਿਣਤੀ 40 ਤੱਕ ਹੈ ਤਾਂ ਚਾਰ ਪੁਜੀਸ਼ਨਾਂ ਕੱਢੀਆਂ ਜਾਣ। ਜੇਕਰ ਵਿਦਿਆਰਥੀਆਂ ਦੀ ਗਿਣਤੀ 30 ਜਾਂ ਘੱਟ ਹੈ ਤਾਂ ਤਿੰਨ ਪੁਜੀਸ਼ਨਾਂ ਕੱਢੀਆਂ ਜਾਣ ਅਤੇ ਜੇਕਰ 20 ਜਾਂ ਘੱਟ ਹੈ ਤਾਂ ਦੋ ਪੁਜੀਸ਼ਨਾਂ ਕੱਢੀਆ ਜਾਣ।

ਸਕੂਲ ਵਿੱਚ ਅਧਿਆਪਕਾਂ ਦੀ ਘਾਟ ਹੋਣ ਦੀ ਸੂਰਤ ਵਿੱਚ ਅਤੇ ਜੇਕਰ ਅਧਿਆਪਕ ਇਹ ਮਹਿਸੂਸ ਕਰੇ ਕਿ ਇਹ ਕੰਮ ਨਿਰਧਾਰਿਤ ਮਿਤੀ ਤੇ ਦੋ ਘੰਟਿਆਂ ਵਿੱਚ ਕਰਵਾਉਣਾ ਸੰਭਵ ਨਹੀਂ ਤਾਂ ਉਹ ਕੁੱਝ ਮੁਕਾਬਲੇ ਇੱਕ ਦਿਨ ਪਹਿਲਾਂ ਕਰਵਾ ਸਕਦੇ ਹਨ। ਇੱਕੋ ਪਿੰਡ ਵਿੱਚ ਚੱਲ ਰਹੇ ਦੋ ਜਾਂ ਜਿਆਦਾ ਸਕੂਲ ਇਹ ਮੁਕਾਬਲੇ ਆਪਣੀ ਇੱਛਾ ਅਨੁਸਾਰ ਇੱਕ ਥਾਂ ਇੱਕਠੇ ਹੋਕੇ ਵੀ ਕਰਵਾ ਸਕਦੇ ਹਨ। ਇਸ ਕੰਮ ਨੂੰ ਠੀਕ ਢੰਗ ਨਾਲ ਨੇਪਰੇ ਚਾੜਣ ਲਈ ਪ੍ਰਵੇਸ਼ ਟੀਮ, ਸਮੂਹ ਡੀ.ਆਰ.ਪੀ. (ਐ.ਸਿ.) ਅਤੇ (ਸੈ.ਸਿ.) ਨਿਰੀਖਣ ਟੀਮ ਅਤੇ ਵਿਭਾਗ ਤੋਂ ਬਾਹਰਲੇ ਵਿਅਕਤੀਆਂ ਦਾ ਵੀ ਸਹਿਯੋਗ ਲਿਆ ਜਾ ਸਕਦਾ ਹੈ।ਜੇਤੂ ਬੱਚਿਆਂ ਨੂੰ ਪਿੰਡ ਦੀ ਪੰਚਾਇਤ / ਸਕੂਲ ਮਨੇਜਮੈਂਟ ਕਮੇਟੀ ਦੇ ਸਹਿਯੋਗ ਨਾਲ ਦਾਨੀ ਸੱਜਣਾ ਤੋਂ ਮਦਦ ਨਾਲ ਇਨਾਮ ਦਿੱਤੇ ਜਾਣ। ਮੁਕਾਬਲੇ ਵਾਲੇ ਦਿਨ ਪੰਚਾਇਤ / ਸਕੂਲ ਮਨੇਜਮੈਂਟ ਕਮੇਟੀ, ਮਾਪੇ ਅਧਿਆਪਕ ਸੰਸਥਾ ਅਤੇ ਬੱਚਿਆਂ ਦੇ ਮਾਪਿਆਂ ਨੂੰ ਸਕੂਲ ਬੁਲਾਇਆ ਜਾਵੇ। ਦਾਨੀ ਸੱਜਣਾ ਦੇ ਸਹਿਯੋਗ ਨਾਲ ਬੱਚਿਆਂ ਲਈ ਰਿਫਰੈਸਮੈਂਟ ਦਾ ਵੀ ਪ੍ਰਬੰਧ ਕੀਤਾ ਜਾਵੇ। ਨੇੜਲੇ ਮਿਡਲ / ਹਾਈ, ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁੱਖੀਆਂ ਨੂੰ ਮਿਲਕੇ ਸਹਿਯੋਗ ਲਈ ਬੇਨਤੀ ਕੀਤੀ ਜਾਵੇ। ਜੇਕਰ ਕਿਸੇ ਕਾਰਨ ਅਜਿਹਾ ਸੰਭਵ ਨਹੀਂ ਤਾਂ ਆਪਣੇ ਪੱਧਰ ਤੇ ਪ੍ਰਬੰਧ ਕਰਕੇ ਮੁਕਾਬਲੇ ਕਰਵਾਏ ਜਾਣ। ਪ੍ਰਵੇਸ਼ ਦੀ ਟੀਮ ਦਾ ਵਿਸ਼ੇਸ਼ ਤੌਰ ਤੇ ਸਹਿਯੋਗ ਲਿਆ ਜਾਵੇ। ਮੁਕਾਬਲੇ ਕਰਵਾਉਣ ਲਈ ਸਪੈਸ਼ਲਿਸਟ ਜਿਸ ਤਰਾਂ ਪੀ.ਟੀ.ਆਈ. / ਡੀ.ਪੀ.ਈ., ਸਾਹਿਤਕ ਰੁਚੀਆਂ ਵਾਲੇ, ਸਭਿਆਚਾਰਿਕ ਸਰਗਰਮੀਆਂ ਵਿੱਚ ਰੁਚੀ ਰੱਖਣ ਵਾਲੇ ਅਧਿਆਪਕਾਂ ਦਾ ਜਾਂ ਹੋਰ ਬਾਹਰਲੇ ਵਿਅਕਤੀਆਂ ਦਾ ਸਹਿਯੋਗ ਲਿਆ ਜਾ ਸਕਦਾ ਹੈ। ਹਰ ਵਿਸ਼ੇ ਦੇ 20-20 ਅੰਕ ਦੇ ਟੈਸਟ ਲੈਕੇ ਉਸੇ ਦਿਨ ਨਤੀਜਾ ਤਿਆਰ ਕਰਕੇ ਪਹਿਲੀਆਂ ਪੁਜੀਸ਼ਨਾਂ ਕੱਢੀਆ ਜਾਣ।ਸਕੂਲ ਪੱਧਰ ਤੇ ਮੁਕਾਬਲੇ ਕਰਵਾਉਣ ਤੋਂ ਬਾਅਦ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਕਿਸੇ ਹੋਰ ਦਿਨ ਸਕੂਲਾਂ ਵਿੱਚੋਂ ਜੇਤੂ ਵਿਦਿਆਰਥੀਆਂ ਦੇ ਕਲਸਟਰ ਪੱਧਰ ਅਤੇ ਬਲਾਕ ਪੱਧਰ ਦੇ

ਮੁਕਾਬਲੇ ਕਰਵਾਉਣ ਦੇ ਉਪਰਾਲੇ ਕਰਨ ਅਤੇ ਜੇਤੂ ਬੱਚਿਆਂ ਨੂੰ ਦਾਨੀ ਸੱਜਣਾ ਦੇ ਸਹਿਯੋਗ ਨਾਲ ਇਨਾਮ ਦਵਾਉਣ। ਕਲਸਟਰ ਪੱਧਰ ਅਤੇ ਬਲਾਕ ਪੱਧਰ ਦੇ ਸਭ ਤਰਾਂ ਦੇ ਮੁਕਾਬਲੇ ਘੱਟੋ ਘੱਟ ਤਿਮਾਹੀ ਵਿਚ ਇੱਕ ਵਾਰ ਜਰੂਰ ਕਰਵਾ ਲਏ ਜਾਣ।

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਉਕਤ ਮੁਕਾਬਲੇ ਹਰ ਮਹੀਨੇ ਹਰੇਕ ਸਕੂਲ ਵਿੱਚ ਕਰਵਾਉਣ ਲਈ ਆਪਣਾ ਪੂਰਾ ਯੋਗਦਾਨ ਪਾਉਣ ਅਤੇ ਵਧੀਆ ਢੰਗ ਨਾਲ ਪਲਾਨ ਕਰਕੇ ਸਾਰੇ ਪ੍ਰਬੰਧ ਕੀਤੇ ਜਾਣ। ਇਹ ਸਭ ਤਰਾਂ ਦੇ ਮੁਕਾਬਲੇ ਕਰਵਾਉਣ ਨਾਲ ਬੱਚਿਆਂ ਦੀ ਪੜ੍ਹਾਈ ਦੇ ਮਿਆਰ ਵਿੱਚ ਸੁਧਾਰ ਹੋਵੇਗਾ ਅਤੇ ਸਕੂਲ ਬੱਚਿਆਂ ਲਈ ਰੋਚਕ ਸਥਾਨ ਬਣ ਸਕੇਗਾ। ਇਸ ਪ੍ਰੋਗਰਾਮ ਨੂੰ ਠੀਕ ਭਾਵਨਾ ਨਾਲ ਲਾਗੂ ਕਰਨ ਤੇ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਵਿਚ ਵਾਧਾ ਹੋਵੇਗਾ। ਸਾਰੇ ਅਧਿਆਪਕਾਂ ਅਤੇ ਅਧਿਕਾਰੀਆਂ ਨੂੰ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਅਪੀਲ ਕੀਤੀ ਜਾਂਦੀ ਹੈ।

ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.) ਪੰਜਾਬ।

ਪਿੱਠ ਅੰਕਣ ਨੰ: ਉਕਤ  ਮਿਤੀ : ਐਸ.ਏ.ਐਸ. ਨਗਰ | 8.12.15

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਜੀ :-

1. ਪੀ.ਏ ਟੂ ਮਾਨਯੋਗ ਸਿੱਖਿਆ ਮੰਤਰੀ ਪੰਜਾਬ ਜੀ ਸੂਚਨਾਂ ਹਿੱਤ।
2. ਮਾਨਯੋਗ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਜੀ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਵਿਭਾਗ ਦੇ ਬਾਕੀ ਅਧਿਕਾਰੀਆਂ ਨੂੰ ਸਹਿਯੋਗ ਦੇਣ ਲਈ ਲਿਖਣ ਦੀ ਕ੍ਰਿਪਾਲਤਾ ਕਰਨ।
3. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਜੀ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਨਿਸ਼ਚਿਤ ਮਿਤੀ ਤੇ ਸਮੂਹ ਡੀ.ਆਰ.ਪੀਜ ਮੈਥ, ਸਾਇੰਸ, ਐਸ.ਐਸ., ਇੰਗਲਿਸ਼ ਟੀਮਜ, ਪ੍ਰਵੇਸ਼ ਕੋਆਰਡੀਨੇਟਰ / ਟੀਮਜ ਅਤੇ ਡਾਇਰੈਕਟਰ ਐਸ.ਆਈ.ਐਸ.ਈ. ਨੂੰ ਵੱਖ-2 ਵਿਸ਼ਿਆਂ ਦੇ ਟੈਸਟ ਕੰਡਕਟ ਕਰਵਾਉਣ ਲਈ ਸਹਿਯੋਗ ਦੇਣ ਲਈ ਲਿਖਿਆ ਜਾਵੇ ਜੀ।
4. ਡੀ.ਪੀ.ਆਈ. (ਸੈ.ਸਿ.) ਪੰਜਾਬ ਜੀ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਨਿਰਧਾਰਿਤ ਮਿਤੀ ਤੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਨੂੰ ਮਿਡਲ / ਹਾਈ, ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁੱਖੀਆਂ ਨੂੰ ਪ੍ਰਾਇਮਰੀ ਸਕੂਲਾਂ ਵਿੱਚ ਕਰਵਾਏ ਜਾਣ ਵਾਲੇ ਵੱਖ-2 ਤਰਾਂ ਦੇ ਮੁਕਾਬਲਿਆਂ ਲਈ ਯੋਗ ਅਧਿਆਪਕ ਭੇਜਕੇ ਸਹਿਯੋਗ ਕਰਨ ਲਈ ਲਿਖਿਆ ਜਾਵੇ ਜੀ।

ਸਹੀ /—

ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.) ਪੰਜਾਬ।